# ਗੁਰ ਗਿਆਨ ਲਰਨਿੰਗ ਸੈਂਟਰ

(ਔਨ ਲਾਈਨ ਅਕੈਡਮੀ)

gurgyanlearningcentre@gmail.com Website: www.sikhcommunity.net

Phone: +1-639-590-4464


*************************************************************************************

| ਭਾਈ ਮਰਦਾਨਾ ਜੀ | Bhai Mardana Ji |
|---|---|
| **ਭਾਈ ਮਰਦਾਨਾ ਜੀ ਦਾ ਜਨਮ:** ਸੰਨ ਈਸਵੀ 1459 ਨੂੰ ਰਾਇ ਭੋਇੰ ਦੀ ਤਲਵੰਡੀ (ਗੁਰੂ ਨਾਨਕ ਪਾਤਸ਼ਾਹ ਜੀ ਦੇ ਪਿੰਡ ਵਿੱਚ) ਹੋਇਆ।<br>ਗੁਰੂ ਨਾਨਕ ਪਾਤਸ਼ਾਹ ਜੀ ਤੋਂ **ਉਮਰ ਵਿੱਚ 10 ਸਾਲ ਵੱਡਾ** ਸੀ।<br>**ਪਿਤਾ ਜੀ ਦਾ ਨਾਮ:** ਭਾਈ ਬਦਰਾ ਜੀ।<br>**ਮਾਤਾ ਜੀ ਦਾ ਨਾਮ:** ਮਾਤਾ ਲੱਖੋ ਜੀ।<br>**ਸੰਤਾਨ:** ਦੋ ਪੁੱਤਰ (ਸ਼ਾਹਜ਼ਾਦਾ ਤੇ ਰਈਜ਼ਾਦਾ) ਅਤੇ ਇੱਕ ਬੇਟੀ ਸੀ।<br>ਕੁਦਰਤੀਂ ਇਹਨਾਂ ਦੇ ਘਰ ਵਿੱਚ ਜੋ ਵੀ ਬੱਚੇ ਦਾ ਜਨਮ ਹੁੰਦਾ ਸੀ ਉਹ ਜਨਮ ਤੋਂ ਬਾਦ ਮਰ ਜਾਂਦਾ ਸੀ। ਜਦੋਂ ਇਹਨਾਂ ਦਾ ਜਨਮ ਹੋਇਆ ਤਾਂ ਮਾਂ ਨੇ ਨਾਮ ‘ਮਰਜਾਣਾ’ ਰਖ ਦਿੱਤਾ ਕਿ ‘ਇਸ ਨੇ ਤਾਂ ਮਰ ਹੀ ਜਾਣਾ ਹੈ’।<br>**ਮੁਸਲਿਮ ਪਰਿਵਾਰ:** ਜਾਤ ਮੀਰਾਸੀ<br>**ਮੀਰਾਸ, ਮੀਰਾਸੀ** ਅਤੇ **ਜਜਮਾਨ** ਕੀ ਹੁੰਦਾ ਹੈ?<br>**ਮੀਰਾਸ ਕੀ ਹੁੰਦਾ ਹੈ?:** ਵਿਰਾਸਤ (ਵਿਰਸੇ ਵਿੱਚ ਮਿਲੀ ਜਾਇਦਾਦ)<br>**ਮੀਰਾਸੀ ਕੌਣ ਹੁੰਦੇ ਹਨ:** ਲੋਕਾਂ ਦੇ ਘਰ ਅੱਗੇ ਖਲੋਅ ਕੇ ਉਹਨਾਂ ਦੀ ‘ਪਿਤਾ ਪੁਰਖੀ ਜਾਇਦਾਦ ਅਤੇ ਉਹਨਾਂ ਦੇ ਗੁਣਾਂ ਨੂੰ” ਗਾਉਂਦੇ ਹੁੰਦੇ ਸਨ। ਲੋਕ ਇਹਨਾਂ ਨੂੰ ਆਪਣੀ ਮਰਜ਼ੀ ਮੁਤਾਬਿਕ ਉਹਨਾਂ ਨੂੰ ਕਪੜੇ ਜਾਂ ਖਾਣ-ਪੀਣ ਵਾਲੀਆਂ ਵਸਤਾਂ ਦਾਨ ਵਜੋਂ ਦੇ ਦਿੰਦੇ ਅਤੇ ਕਦੀ ਕਦੀ ਕੁੱਝ ਟਾਵੇਂ ਟਾਵੇਂ ਵਿਰਲੇ ਪਰਿਵਾਰ ਇਹਨਾਂ ਨੂੰ ਥੋੜੇ ਜਿਹੇ ਪੈਸੇ ਵੀ ਦੇ ਦਿੰਦੇ ਸਨ।<br>ਇਸ ਦੇ ਨਾਲ ਨਾਲ ਉਹ ਲੋਕਾਂ ਦੇ ਖੁਸ਼ੀ ਗਮੀ ਦੇ ਸਨੇਹੇ ਦੂਰ ਦੂਰ ਤੱਕ ਉਹਨਾਂ ਦੇ ਰਿਸਤੇਦਾਰਾਂ ਨੂੰ ਦਿੰਦਾ ਹੁੰਦਾ ਸੀ।<br>ਜਜਮਾਨ ਕੀ ਹੁੰਦਾ ਹੈ: ਜਿਹਨਾਂ ਲੋਕਾਂ ਦੇ ਘਰੋਂ ਇਹਨਾਂ ਦਾ ਗੁਜ਼ਾਰਾ ਹੁੰਦਾ ਸੀ ਉਹਨਾਂ ਨੂੰ ‘ਮੀਰਾਸੀ’ ਆਪਣੇ ‘ਜਜਮਾਨ’ ਕਿਹਾ ਕਰਦੇ ਸਨ। | **Birth of Bhai Mardana Ji**: Talwandi of Rai Bhoin in 1459 AD (in the village of Guru Nanak Patshah Ji)<br>Bhai Mardana Ji was **10 years older** than Guru Nanak Patshah Ji.<br>**Father's Name**: Bhai Badra Ji.<br>**Mother's Name:** Mata Lakho Ji.<br>**Children:** He had two sons (Prince and Prince) and a daughter.<br>Naturally, any child born in their home would die after birth. When he was born, his mother named him Marjana, as she thought "He is going to die as well."<br>**Muslim family:** caste inheritance<br>What is **Miras, Mirasi and Jajman**?<br>**What is inheritance (Miras)?:** Inherited Property<br>**Who are the inheritors (Mirasi):** These are the people who used to stand in front of other people’s houses and sing their ancestral property and their virtues. People would donate clothes or food items to them as per their wish and sometimes few families would even give them a small amount of money. At the same time, he also used to communicate people’s messages of happiness and sorrows to their relatives far and wide.<br>**What is a Jajman:** The people from whose homes they used to make a living were called 'Jajman' by the 'Mirasi'. |

gurgyanlearningcentre@gmail.com Website: www.sikhcommunity.net

Phone: +1-639-590-4464


**************************************************************************************

**ਮੀਰਾਸੀ ਦੀ ਜੀਵਨ ਸ਼ੈਲੀ**: ਇਹ ਹਰ ਗੱਲ ਨੂੰ ਹਮੇਸ਼ਾਂ ਹੀ ਮਜ਼ਾਕੀਆ ਲਹਿਜ਼ੇ ਵਿੱਚ ਕਰਦੇ ਹੁੰਦੇ ਸਨ ਅਤੇ ਬਹੁਤ ਹੀ ਹਾਜ਼ਰ ਜਵਾਬੀ ਹੁੰਦੇ ਸਨ। ਖੁਸ਼ ਤਬੀਅਤ ਦੇ ਮਾਲਿਕ ਹੁੰਦੇ ਸਨ ਅਤੇ ਆਪ ਵੀ ਖੁਸ਼ ਰਹਿੰਦੇ ਅਤੇ ਦੂਸਰਿਆਂ ਨੂੰ ਵੀ ਖੁਸ਼ੀ ਵੰਡਦੇ ਸਨ। ਲੰਬਾ ਰਸਤਾ ਪੈਦਲ ਤਹਿ ਕਰਿਆ ਕਰਦੇ ਸਨ ਅਤੇ ਰੱਬ ਦੀ ਸਿਫਤ ਸਲਾਘਾ ਦੇ ਗੀਤ ਗਾਉਂਦੇ ਸਨ।

ਮਰਦਾਨਾਂ ਜੀ ਰਬਾਬ ਵੀ ਬਹੁਤ ਸੋਹਣੀ ਵਜਾਉਂਦੇ ਸਨ। ਇੱਕ ਦਿਨ ਇਹ ਆਪਣੇ ਪਿਤਾ ਨਾਲ ਲੋਕਾਂ ਦੇ ਘਰ ਦੇ ਅੱਗੇ ਇਹ ਰਬਾਬ ਨਾਲ ਗਾਉਂਦੇ ਨੂੰ ਦੇਖ ਕੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਮਨ ਨੂੰ ਬਹੁਤ ਪਿਅਰਾ ਲੱਗਿਆ ਤਾਂ ਭਾਵੇਂ ਲੋਕ ਇਸ ਨੂੰ ਮਰਜਾਣਾ ਹੀ ਕਹਿੰਦੇ ਪਰ ਗੁਰੂ ਸਾਹਿਬ ਜੀ ਨੇ ਇਸ ਨੂੰ ਮਰ ਜਾਣਾ ਦੀ ਬਿਜਾਏ 'ਮਰਦਾਨਾ' ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ। ਮਰਦਾਨਾ ਦੇ ਅਰਥ ਬਹਾਦੁਰ ਸੂਰਮਾ ਜੋ ਕਦੀ ਵੀ 'ਮਰਦਾ ਨਾਂ' ਭਾਵ ਸਦਾ ਅਮਰ ਰਹਿਣ ਵਾਲਾ।

ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਸੁਲਤਾਨਪੁਰ ਲੋਧੀ ਸ਼ਹਿਰ ਵਿੱਚ ਨਵਾਬ ਦੌਲਤ ਖਾਂ ਦੇ ਮੋਦੀ ਖਾਨੇ ਵਿੱਚ ਬਤੌਰ ਮੋਦੀ (Sales Manager) ਨੌਕਰੀ ਕਰਦੇ ਸਨ ਤਾਂ ਚੁਗਲ-ਖੋਰ ਅਤੇ ਨਿੰਦਕਾਂ ਵੱਲੋਂ ਭਰਮ ਜਾਲ ਦੀਆਂ ਖਬਰਾਂ ਸੁਣ ਕੇ ਮਹਿਤਾ ਕਾਲੂ ਵੀ ਨਿਰਾਸ਼ ਹੋ ਗਿਆ। ਉਸ ਨੇ ਭਾਈ ਮਾਰਦਾਨਾ ਜੀ ਨੂੰ ਭੇਜਿਆ ਕਿ ਕੁੱਝ ਚਿਰ ਨਾਨਕ ਜੀ ਕੋਲ ਸੁਲਤਾਨਪੁਰ ਵਿਖੇ ਰਹਿ। ਨਾਲੇ ਤਾਂ ਉਸ ਦਾ ਦਿਲ ਪ੍ਰਚਾਵਾ ਹੋ ਜਾਵੇਗਾ ਨਾਲੇ ਤੂੰ ਉਮਰ ਵਿੱਚ ਵੱਡਾ ਹੈਂ ਤੇਰੀ ਸੰਗਤ ਉਸ ਤੇ ਚੰਗਾ ਅਸਰ ਪਵੇਗਾ। ਇਸ ਸਮੇਂ ਮਰਦਾਨਾਂ ਜੀ ਦੀ ਉਮਰ 30 ਸਾਲ ਦੀ ਸੀ ਅਤੇ ਗੁਰੂ ਨਾਨਕ ਪਾਤਸ਼ਾਹ ਜੀ ਦੀ ਉਮਰ 20 ਸਾਲ ਦੀ ਸੀ।

ਮਰਦਾਨਾ ਜੀ ਦੇ ਆਉਣ ਤੇ ਗੁਰੂ ਸਾਹਿਬ ਜੀ ਬਹੁੱਤ ਖੁਸ਼ ਹੋਏ ਅਤੇ ਕਹਿਣ ਲੱਗੇ ਮਰਦਾਨਿਆਂ! 'ਤੂੰ ਰਬਾਬ ਬਹੁਤ ਸੋਹਣੀ ਵਜਾਉਂਦਾ ਹੈ। ਜਦੋਂ ਇਸ ਨੂੰ ਰੱਬੀ ਸ਼ਬਦ ਵਜਾਵ ਕੇ ਉਸ ਅਰਸ਼ੀ ਪ੍ਰੀਤਮ ਨਿਰੰਕਾਰ ਜੀ ਦੀ ਸਿਫਤ ਦੇ ਰਸ ਵਿੱਚ

**Mirasi Lifestyle:** He always did everything in a humorous tone and was very responsive. Possessed of good health and was happy himself and shared happiness with others. They travelled long distances by walks and sang songs of praise to God.

Bhai Mardana ji also played the lute beautifully. One day, when Guru Nanak Patshah Ji saw him singing with lute along with his father in front of people's houses, he became very fond of him. Since then, he started calling Mardana instead of Marjana (which means brave warrior who never dies, meaning immortal)

Mehta Kahlu got really disappointed when he heard the news of gossip and delusions from slanderers when Guru Nanak Patshah was working as Modi (Sales Manager) in Nawab Daulat Khan's Modi Khana in Sultanpur Lodhi city. He sent Bhai Mardana to stay with Nanak at Sultanpur for some time. Also his heart will be entertained and since you are older than him, your company will have a good impact on him. At that time Mardana Ji was 30 years old and Guru Nanak Patshah Ji was 20 years old.

On the arrival of Mardana Ji, Guru Sahib Ji was very happy and said, "Mardana! You play the lute very nicely. It will be amazing when you will play it with the divine word and soak in the juice of praise of that Arshi Pritam Nirankar Ji.

| | |
|---|---|
| ਭਿੱਜੇਂਗਾ ਤਾਂ ਕਮਾਲ ਹੋ ਜਾਵੇਗੀ। ਦੁੱਖਾਂ ਵਿੱਚ ਸੜਦੀ ਬਲਦੀ ਲੋਕਾਈ ਦੇ ਹਿਰਦੇ ਠੰਡ ਪਵੇਗੀ।' ਮਰਦਾਨਾ ਜੀ ਕਹਣਿ ਲੱਗੇ 'ਨਾਨਕੀ ਜੀ! ਮੈਂ ਧੰਨਭਾਗੀ ਹਾਂ ਜੋ ਤੁਹਾਡਾ ਸੁਭਾਗਾ ਸਾਥ ਮਿਲਿਆ ਹੈ।' | The hearts of the people burning in sorrows will cool down. 'Mardana ji started saying' Nanak ji! I am very fortunate to have your support.' |
| ਬੱਸ, ਫਿਰ ਕੀ ਸੀ, ਹੋ ਗਿਆ ਸ਼ੁਰੂ ਸੱਚਖੰਡੀ ਨਜ਼ਾਰਾ। ਮੋਦੀਖਾਨੇ (ਆਫਿਸ) ਜਾਣ ਤੋਂ ਪਹਿਲਾਂ ਅਤੇ ਬਾਦ ਵਿੱਚ ਜਨਤਕ ਥਾਂ ਉੱਪਰ (Public Place) ਸਵੇਰੇ ਤੇ ਸ਼ਾਮ ਗੁਰੂ ਸਾਹਿਬ ਜੀ ਰੱਬੀ ਉਪਦੇਸ਼ (ਗੁਰਬਾਣੀ) ਨੂੰ ਗਾਉਂਦੇ ਅਤੇ ਮਰਦਾਨਾ ਜੀ ਬਹੁਤ ਹੀ ਸੁਰੀਲੀ ਰਬਾਬ ਵਜਾਉਂਦੇ। ਇਸ ਤਰਾਂ ਸੁਲਤਾਨਪੁਰ ਵਿੱਚ ਲਗਾਤਾਰ 7 ਸਾਲ ਅੰਮ੍ਰਿਤ ਰਸ ਦਾ ਪ੍ਰਵਾਹ ਚਲਦਾ ਰਿਹਾ। | Just then, the true Khandi scene began. Before and after going to Modikhana (office), Guru Sahib Ji would sing the divine sermon (Gurbani) in public place and Mardana Ji would play very melodious lute. Thus the flow of Amrit Ras continued in Sultanpur for next 7 years. |
| ਗੁਰੂ ਸਾਹਿਬ ਜੀ ਵਾਹਿਗੁਰੂ ਜੀ ਦੇ ਪਿਆਰ ਵਿੱਚ ਭਿੱਜੇ ਹੋਏ ਮੋਦੀਖਾਨੇ ਵਿੱਚ ਆਪਣੀ ਤਨਖਾਹ ਵਿੱਚੋਂ ਗਰੀਬਾਂ ਨੂੰ ਮੁਫ਼ਤ ਰਾਸ਼ਣ ਤੇਰਾਂ ਤੇਰਾਂ (ਭਾਵ ਕਿ ਹੇ ਵਾਹਿਗੁਰੂ ਜੀ ਮੈਂ ਤੇਰਾ ਹੀ ਹਾਂ) ਕਹਿ ਕੇ ਚੁਕਾ ਦਿੰਦੇ ਸਨ। ਜਦੋਂ ਗੁਰੂ ਸਾਹਿਬ ਜੀ ਮੋਦੀ ਖਾਨੇ ਦੀ ਨੌਕਰੀ ਛੱਡ ਕੇ ਰੱਬੀ ਸਿੱਖਿਆਵਾਂ ਦਾ ਖਜ਼ਾਨਾਂ ਵੰਡਣ ਲਈ ਦੁਨੀਆਂ ਭਰ ਵਿੱਚ ਗੁਰਬਾਣੀ ਪ੍ਰਚਾਰ ਲਈ ਨਿੱਕਲੇ ਤਾਂ ਮਰਦਾਨਾ ਜੀ ਸੱਚੇ ਸਾਥੀ ਬਣ ਕੇ ਨਾਲ ਰਹਿਣ ਲਈ ਤਿਆਰ ਹੋ ਗਏ। | Soaked in the love of Waheguru Ji saying thirteen (meaning O God I am yours), Guru Sahib Ji used to pay free rations to the poor people from his salary in Modikhana. When Guru Sahib Ji left the job of Modi Khana and went out to spread Gurbani all over the world to distribute the treasures of divine teachings, Mardana Ji became a true companion and agreed to be with him. |
| ਸਭ ਤੋਂ ਪਹਿਲਾਂ ਸਯਦਪੁਰ ਤੇ ਸਿਆਲਕੋਟ ਦੇ ਇਲਾਕੇ ਤੋਂ ਪ੍ਰਚਾਰ ਸ਼ੁਰੂ ਕਰਨ ਸਮੇਂ ਗੁਰੂ ਸਾਹਿਬ ਜੀ ਅਤੇ ਮਰਦਾਨਾ ਜੀ ਆਪਣੇ ਜੱਦੀ ਪਿੰਡ ਰਾਇ ਭੋਇੰ ਦੀ ਤਲਵੰਡੀ ਗਏ ਅਤੇ ਪਿੰਡ ਤੋਂ ਬਾਹਰ ਹੀ ਠਹਿਰ ਗਏ। ਮਰਦਾਨਾਂ ਜੀ ਨੇ ਆਪਣੇ ਪਰਿਵਾਰ ਨੂੰ ਬੁਲਾਇਆ ਤੇ ਦੱਸਿਆ ਕਿ ਮੈਂ ਤਾ ਗੁਰੂ ਸਾਹਿਬ ਜੀ ਨਾਲ ਵਿਸ਼ਵ ਵਿਆਪੀ ਪਰਉਪਕਾਰ ਮਿਸ਼ਨ ਲਈ ਜਾਣਾਂ ਹੈ। ਇਸ ਸਮੇਂ ਦੋਹਾਂ ਪਰਿਵਾਰਾਂ ਨੇ ਬਹੁਤ ਰੋਕਣ ਦੀ ਕੋਸ਼ਿਸ਼ ਕੀਤੀ ਪਰ ਗੁਰੂ ਸਾਹਿਬ ਜੀ ਅਤੇ ਮਰਦਾਨਾਂ ਜੀ ਨੇ ਮੋਹ ਦੀਆਂ ਤੰਦਾਂ ਤੋਂ ਉੱਪਰ ਉੱਠ ਕੇ ਪਰਉਪਕਾਰ ਲਈ ਆਪਾ ਵਾਰਨ ਦੇ ਜਜ਼ਬੇ ਦਾ ਮੁੱਢ ਬੰਨ੍ਹ ਦਿੱਤਾ। | Guru Sahib Ji and Mardana Ji stayed outside the village when they first started preaching in Syedpur and Sialkot areas when they went to Talwandi in their native village Rai Bhoin. Mardana Ji called his family and told them that he needs to go with Guru Sahib Ji for a worldwide benevolence mission. At this time both the families tried hard to stop him but Guru Sahib Ji and Mardana Ji rose |

gurgyanlearningcentre@gmail.com Website: www.sikhcommunity.net

Phone: +1-639-590-4464


***********************************************************************************

ਮਰਦਾਨਾਂ ਜੀ ਗੁਰੂ ਸਾਹਿਬ ਜੀ ਦੇ ਚਾਰੇ ਉਦਾਸੀਆਂ ਸਮੇ ਨਾਲ ਹੀ ਰਹੇ। ਹਰ ਦੁੱਖ ਸੁਖ ਗੁਰੂ ਸਾਹਿਬ ਜੀ ਹੰਢਾਇਆ ਅਤੇ ਗੁਰੂ ਪਿਤਾ ਜੀ ਦੇ ਹਰ ਹੁਕਮ ਨੂੰ ਖਿੜੇ ਮੱਥੇ ਮੰਨਣ ਦੀ ਮਿਸਾਲ ਪੈਦਾ ਕਰ ਦਿੱਤੀ। ਗੁਰੂ ਸਾਹਿਬ ਜੀ ਦੀ ਹਰ ਭਾਵਨਾਂ ਨੂੰ ਮਰਦਾਨਾਂ ਜੀ ਨੁ ਹੂਬਹੂ ਸਮਝਿਆ ਵੀ ਓਤੇ ਆਪਣੇ ਹਿਰਦੇ ਦੀ ਗਹਿਰਾਈ ਵਸਾ ਕੇ ਉਸ ਨੂੰ ਜੀਅ ਕੇ ਦਿਖਾ ਦਿੱਤਾ। ਮਾਰੂਥਲਾਂ ਦੇ ਨਿਖੜੇ ਪੈਂਡੇ ਗੁਰੂ ਸਾਹਿਬ ਜੀ ਨਾਲ ਗਾਹੇ, ਜੰਗਲਾਂ ਦੇ ਭਿਆਨਕ ਮਹੌਲ ਦੇਖੇ, ਰੁੱਤਾਂ ਕਰੁੱਤਾਂ ਪਿੰਡੇ ਤੇ ਹੰਢਾਈਆਂ, ਲੋਕਾਂ ਦੇ ਕੌੜੇ ਕੁਸੈਲੇ ਬੋਲ ਕਬੋਲ ਤੇ ਵਿਵਹਾਰ ਵੀ ਅੱਪਣੇ ਉੱਪਰ ਝੱਲੇ ਅਤੇ ਜਾ ਗੁਰੂ ਸਾਹਿਬ ਜੀ ਨੇ ਕਿਹਾ, ਉਸ ਨੂੰ ਉਸੇ ਤਰਾਂ ਮੰਨਿਆ।

ਗੁਰੂ ਸਾਹਿਬ ਜੀ ਨੇ ਜੋ ਉਪਦੇਸ਼ ਲੋਕਾਂ ਨੂੰ ਦਿੱਤੇ ਤਾਂ ਗੁਰੂ ਸਾਹਿਬ ਜੀ ਨੇ ਹਰ ਉਪਦੇਸ਼ ਨੂੰ ਮਰਦਾਨਾਂ ਜੀ ਆਪਣੁ ਜੀਵਨ ਵਿੱਚ ਕੀਅ ਕੇ ਦਿਖਾ ਦਿੱਤਾ।

ਗੁਰੂ ਸਾਹਿਬ ਜੀ ਵੱਲੋਂ ਜਦੋਂ ਬੇਅੰਤ ਨਿਰਗੁਣਆਰਿਆਂ ਨੂੰ ਗੁਣਵੰਤੇ ਬਣਾਇਆ, ਗੁਣਵੰਤਿਆਂ ਨੂੰ ਪਰਉਪਕਾਰੀ ਸੁਗੰਧੀਆਂ ਫੈਲਾਉਣ ਵਾਲੇ ਪ੍ਰਚਾਰਕ ਬਣਾਏ, ਜੋ ਵੀ ਸ਼ਰਧਾਲੂ ਮੁਰੀਦ ਬਣਿਆ ਤਾਂ ਉਸੇ ਦੇ ਘਰ ਨੂੰ ਧਰਮਸਾਲਾ ਬਣਾਇਆ, ਵੱਡੇ ਵੱਡੇ ਹੰਕਾਰੀਆਂ ਨੂੰ ਵਿਚਾਰ ਤੇ ਦਲੀਲ ਨਾਲ ਜਿੱਤਿਆ ਅਤੇ ਜੀਵਨਾਂ ਵਿੱਚ ਬਾ-ਕਮਾਲ ਤਬਦੀਲੀਆਂ ਦੇ ਵਰਤਾਰੇ ਵਾਪਰੇ। ਇਹ ਸਭ ਨਜਾਰਿਆਂ ਨੂੰ ਮਰਦਾਨਾ ਜੀ ਨੇ ਬਹੁਤ ਨੇੜਿਓਂ ਤੱਕਿਆ, ਜਿੰਦਗੀ ਵਿੱਚ ਹੰਢਾਇਆ ਅਤੇ ਇਹਨਾਂ ਵਰਤਾਰਿਆਂ ਵਿੱਚ ਗੁਰੂ ਸਾਹਿਬ ਜੀ ਦਾ ਸਾਥ ਦੇਣ ਲਈ ਸਹਿਯੋਗੀ (ਸਾਧਨ) ਬਣ ਕੇ ਅਤੇ ਸਾਰੀ ਉਮਰ ਸਾਥ ਨਿਭਾਇਆ।

ਸੰਨ ਈਸਵੀ 1520 ਵਿੱਚ 61 ਸਾਲ ਦੀ ਉਮਰ ਬਤੀਤ ਕਰਕੇ ਗੁਰੂ ਸਾਹਿਬ ਜੀ ਦੇ ਸੱਚੇ ਸਾਥੀ ਅਤੇ ਗੁਰੂ ਸਾਹਿਬ ਜੀ ਵੱਲੋਂ ਦੁਨੀਆਂ ਦੇ ਭਲੇ ਲਈ ਸ਼ੁਰੂ ਕੀਤੇ ਪਰਉਪਕਾਰੀ ਮਿਸ਼ਨ ਦੇ ਸੱਚੇ ਸਹਿਯੋਗੀ ਬਨਣ ਦੀ ਮਿਸਾਲ ਬਣ ਕੇ ਦਿਖਾ ਦਿੱਤਾ।

above the ties of attachment and started the spirit of selflessness for benevolence (Parupkaar).

Mardana Ji stayed with Guru Sahib in his four sad times. He swallowed every sorrow and happiness and set an example of obeying every command of Guru Pita Ji. He understood and felt every emotion of Guru Sahib Ji deep in his heart and lived through it. He sang trough the isolated desert villages with Guru Sahib Ji, saw the horrible atmosphere of the forests, the seasons full of deeds, the bitter words and confessions of the people were borne by him and whatever Guru Sahib Ji said, he accepted it as such.

Bhai Mardana Ji lived his life based on Guru Ji’s teachings and orders.

When Guru Sahib Ji made the infinite Nirgunars meritorious, made the meritorious preachers who spread altruistic fragrances, made the home of every devotee a Dharamsala, conquered the arrogant ones with ideas and arguments and made remarkable changes in their lives. Then, the phenomenon happened.

Mardana Ji looked at all these scenes very closely, immersed them in his life and became an ally (means) to support Guru Sahib Ji in these phenomena and supported him all his life.

At the age of 61 in 1520 AD, he set an example of being a true companion of

*******************************************************************************

| | |
|---|---|
| ਸਿੱਖਿਆ: ਭਾਈ ਮਰਦਾਨਾਂ ਜੀ ਦੇ ਜੀਵਨ ਤੋਂ ਸਿੱਖਿਆ ਮਿਲਦੀ ਹੈ ਕਿ 'ਸਦੀਵੀ ਨਿਭਣ ਵਾਲਾ ਸੱਚਾ ਪਿਆਰ' ਜਿੰਦਗੀ ਵਿੱਚ ਜਿਉਣ ਲਈ 'ਖਿੜੇ ਮੱਥੇ ਮੰਨਣ ਦੀ ਭਾਵਨਾਂ' ਚਾਹੀਦੀ ਹੈ ਅਤੇ ਗੁਰੂ ਸਾਹਿਬ ਜੀ ਦੇ ਮਿਸ਼ਨ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਆਪਾ ਵਾਰ ਕੇ ਮਿਸ਼ਨ ਦੇ ਪਾਂਧੀਆਂ ਦੇ ਸਚੇ ਸਹਿਯੋਗੀ ਬਨਣਾ ਚਾਹੀਦਾ ਹੈ। ਕਦੀ ਵੀ ਚੰਗੇ ਕੰਮਾਂ ਦੇ ਰਾਹ ਵਿੱਚ ਰੁਕਾਵਟ ਵੀ ਨਹੀਂ ਬਨਣਾ ਚਾਹੀਦਾ ਅਤੇ ਨਾਂ ਹੀ ਰੁਕਾਵਟ ਪਾਉਣ ਵਾਲਿਆਂ ਦਾ ਸਹਿਯੋਗ ਦੇਣਾ ਚਾਹੀਦਾ ਹੈ। | Guru Sahib Ji and a true ally of the benevolent mission started by Guru Sahib Ji for the betterment of the world. Moral: The life of Bhai Mardana ji teaches that 'Everlasting True Love' requires 'Feelings of Happiness' to live in life. One should become a true ally while spreading Guru Ji's teachings to each and every home. There should never be an obstacle in the way of good deeds, nor should there be support for those who obstruct it. |
| Ref: https://www.allaboutsikhs.com/biographies/early-gursikhs/early-gursikhs-bhai-mardana-ji/ | |

*******************************************************************************







To do 'Sehaj Path with meanings':

ਇਹ ਲਹਿਰ ਘਰ ਘਰ ਤੱਕ ਪਹੁੰਚਾ ਦੇਵੋ ਜੀ: ਰੋਜ਼ਾਨਾਂ ਅੱਧਾ ਘੰਟਾ 'ਗੁਰੂ ਸਾਹਿਬ ਜੀ' ਨਾਲ ਬਿਤਾਉ ਅਤੇ ਸਭ ਤੋਂ ਸੌਖੇ ਤਰੀਕੇ ਨਾਲ ਯੂ-ਟਿਊਬ ਰਾਹੀਂ "ਅਰਥਾਂ ਸਮੇਤ ਸਹਿਜ ਪਾਠ" ਕਰਨ ਲਈ ਕਲਿੱਕ ਕਰੋ ਜੀ। Spend half an hour daily with Guru Sahib Ji and click below to do "Sehaj Paath with Meaning" through YouTube, in the easiest way:

- ✓ go to https://youtube.com/playlist?list=PLFISojhXryWp70Dt4zaX_3CGTTE9bpavp
- ✓ Click on button SUBSCRIBE
- ✓ click on Playlist 'SGGS Sehaj Path with Menings'

*******************************************************************************